WORLD RABIES DAY SEPTEMBER 28, 2008

Intervet Schering-Plough Animal Health

WSPA World Society for the Protection of Animals

## ਪਾਠ ਸੂਚਨਾ - ਉਮਰ ੧੬-੧੮/ਬਾਲਗ

ਸ੍ਵੈ ਇੱਛਾ ਨਾਲ ਵਿਸ਼ਵ ਹਲਕਾਅ ਦਿਵਸ ਮੌਕੇ ਸ਼ਾਮਲ ਹੋਣ ਲਈ ਪਹੁੰਚੇ ਸਾਰੇ ਸੱਜਣਾਂ ਦਾ ਧੰਨਵਾਦ। ਇਸ ਸੂਚਨਾ-ਪੱਤਰ ਵਿੱਚ ਦਿੱਤੀ ਜਾਣ ਵਾਲੀ ਜਾਣਕਾਰੀ ੧੬-੧੮ ਸਾਲ ਦੀ ਉਮਰ/ਬਾਲਗਾਂ ਨੂੰ ਧਿਆਨ ਵਿੱਚ ਰੱਖਕੇ ਬਣਾਈ ਗਈ ਹੈ।

### ਹਲਕਾਅ ਸਬੰਧੀ ਸਿਖਿਆ ਦਾ ਮਹੱਤਵ

ਹਲਕਾਅ ਸੰਬੰਧੀ ਸਿਖਿਆ ਤੋਂ ਬਿਨਾਂ ਇਹ ਸੰਭਵ ਨਹੀਂ ਹੋ ਸਕਦਾ ਕਿ ਅਸੀਂ ਇਸ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕ ਸਕੀਏ। ਵਿਦਿਆਰਥੀਆਂ ਨੂੰ ਹਲਕਾਅ ਸੰਬੰਧੀ ਮੁੱਢਲੀ ਜਾਣਕਾਰੀ, ਬਚਾਓ ਤੇ ਰੋਕਥਾਮ ਕਰਨਾ ਇਸ ਦਾ ਮੁੱਖ ਉਦੇਸ਼ ਹੈ। ਇਸ ਨਾਲ ਅਸੀਂ ਉਸ ਦਿਨ ਵੱਲ ਅਗਾਂਹ ਵਧ ਰਹੇ ਹਾਂ ਕਿ ਰੋਕੀਆਂ ਜਾਂ ਸਕਣ ਵਾਲੀਆਂ ਮੌਤਾਂ ਨੂੰ ਰੋਕੀਏ।

ਵਿਦਿਆਰਥੀਆਂ ਨੂੰ ਇਹ ਸਿਖਿਆ ਦਿੰਦੇ ਹੋਏ ਅਸੀਂ ਉਨ੍ਹਾਂ ਸਾਰੇ ਪਰਿਵਾਰਾਂ ਤੱਕ ਸੁਨੇਹਾ ਪਹੁੰਚਾਉਣ ਦੇ ਯੋਗ ਹੋ ਜਾਵਾਂਗੇ, ਜੋ ਵਿਸ਼ਵ ਹਲਕਾਅ ਦਿਵਸ ਵਿਚ ਹਿਸਾ ਲੈ ਕੇ ਇਹ ਸੁਨੇਹਾ ਆਪਣੇ ਮਾਂ-ਬਾਪ ਅਤੇ ਰਿਸ਼ਤੇਦਾਰਾਂ ਨਾਲ ਸਾਂਝਾ ਕਰਨਗੇ। ਇਸੇ ਤਰ੍ਹਾਂ ਬਾਲਗਾਂ ਤੱਕ ਪਹੁੰਚਿਆ ਇਹ ਸੁਨੇਹਾ ਉਨ੍ਹਾਂ ਦੇ ਬੱਚਿਆਂ ਤੇ ਦੋਸਤਾਂ ਮਿੱਤਰਾਂ ਨੂੰ ਇਹ ਜਾਣਕਾਰੀ ਦੇਵੇਗਾ।

## ਇਸ ਸਿਖਿਆ ਤੋਂ ਕੀ ਸਪੱਸ਼ਟ ਹੋਵੇਗੀ

ਵਿਸ਼ਵ ਹਲਕਾਅ ਦਿਵਸ ਪਾਠ ਵਿੱਚ ਹਿੱਸਾ ਲੈਣ ਤੋਂ ਬਾਅਦ ਹਿੱਸਾ ਲੈਣ ਵਾਲੇ ਜਾਣਨਗੇ-

— ਹਲਕਾਅ ਦੇ ਪ੍ਰਭਾਵ, ਚੀਨੀ ਉਦਾਹਰਣਾਂ ਸਹਿਤ।

— ਹਲਕਾਅ ਦੇ ਸੰਪਰਕ ਵਿੱਚ ਆਉਣ ਤੋਂ ਕਿਵੇਂ ਬਚਿਆ ਜਾਵੇ।

— ਕੁੱਤੇ ਦੇ ਕੱਟਣ ਤੋਂ ਕਿਵੇਂ ਬਚਿਆ ਜਾਵੇ।

— ਹਲਕਾਏ ਕੁੱਤੇ ਦੀ ਪਛਾਣ ਕਿਵੇਂ ਕੀਤੀ ਜਾਵੇ।

— ਹਲਕਾਅ ਨੂੰ ਖਤਮ ਕਿਵੇਂ ਕੀਤਾ ਜਾ ਸਕਦਾ ਹੈ।

— ਕੁੱਤੇ ਦੇ ਕੱਟਣ ਤੋਂ ਬਾਅਦ ਕੀ ਕਰਨਾ ਚਾਹੀਦਾ ਹੈ।

## ਇਸ ਸਿਖਿਆ ਦਾ ਕੀ ਲਾਭ ਹੋਵੇਗਾ?

ਇਹ ਪਾਠ ਸਿੱਖਣ ਤੋਂ ਪਹਿਲਾਂ ਤੇ ਸਿੱਖਣ ਤੋਂ ਬਾਅਦ ਦੀ ਜਾਣਕਾਰੀ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਹੈ। ਇਹ ਜ਼ਬਾਨੀ ਪ੍ਰਸ਼ਨਾਂ ਦੇ ਰੂਪ ਵਿੱਚ ਹੈ ਅਤੇ ਪਾਠ ਦੇ ਅਖੀਰ ਵਿੱਚ ਸੰਭਾਵਿਤ ਉੱਤਰਾਂ ਨਾਲ ਭਰਪੂਰ ਟੈਸਟ ਦਿੱਤਾ ਗਿਆ ਹੈ। ਤੁਹਾਨੂੰ ਵਿਰਿਆਰਥੀਆਂ ਦੀ ਯੋਗਤਾ ਨੂੰ, ਜਾਣਕਾਰੀ ਦੇਣ ਤੋਂ ਪਹਿਲਾਂ ਅਤੇ ਜਾਣਕਾਰੀ ਦੇਣ ਤੋਂ ਬਾਅਦ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਦੇਣ ਦੀ ਯੋਗਤਾ ਨੂੰ ਦਰਜ਼ ਕਰਨਾ ਚਾਹੀਦਾ ਹੈ। ਇਹ ਵਿਦਿਆਰਥੀਆਂ ਦੀ ਥੋੜੇ ਸਮੇਂ ਵਿੱਚ ਯਾਦ ਰੱਖਣ ਦੀ ਯੋਗਤਾ ਨੂੰ ਪਰਖਣ ਵਿੱਚ ਸਹਾਈ ਹੋਵੇਗਾ।ਲੰਮੇ ਸਮੇਂ ਵਿੱਚ ਇਸ ਸਿਖਿਆ ਦੀ ਜਾਣਕਾਰੀ ਕੁੱਤੇ ਦੇ ਕੱਟੇ ਜਾਣ ਵਾਲੇ ਪੀੜਤ ਵਿਅਕਤੀਆਂ ਦੀ ਸੰਖਿਆ ਵਿੱਚ ਕਮੀ ਲੈ ਕੇ ਆਵੇਗੀ, ਪਾਲਤੂ ਕੁੱਤਿਆਂ ਨੂੰ ਬੀਮਾਰੀਆਂ ਦੇ ਰੋਕਥਾਮ ਲਈ ਟੀਕੇ ਲਗਵਾਉਣ ਵਿੱਚ ਵਾਧਾ ਕਰੇਗੀ ਤੇ ਕੁੱਤਿਆਂ ਦੇ ਕੱਟੇ ਜਾਣ ਦੀ ਦਰ ਵੀ ਘਟੇਗੀ।

## ਪਾਠ ਦਾ ਮਹੱਤਵ

ਇਹ ਪਾਠ ਹਲਕਾਅ ਬਾਰੇ ਜਾਣਕਾਰੀ, ਹਲਕਾਅ ਦੀ ਰੋਕਥਾਮ ਅਤੇ ਇਸ ਪਾਠ ਵਿੱਚ ਭਾਗ ਲੈਣ ਵਾਲੇ ਇਸ ਲਈ ਕੀ ਕੁੱਝ ਕਰ ਸਕਦੇ ਹਨ ਨੂੰ ਮੁੱਖ ਰੱਖਕੇ ਤਿਆਰ ਕੀਤਾ ਗਿਆ ਹੈ। ਇਸ ਵਿੱਚ ਹਲਕਾਅ ਦੇ ਅਮਲੀ। ਵਿਹਾਰਨ ਰੋਕਥਾਮ 'ਤੇ ਵੱਧ ਜ਼ੋਰ ਦਿੱਤਾ ਗਿਆ ਹੈ, ਜਦੋਂ ਕਿ ਬਾਕੀ ਪਾਠ ਆਲੇ ਦੁਆਲੇ ਜਾਂ ਇਲਾਕੇ ਦੇ ਲੋਕਾਂ ਨੂੰ ਹਲਕਾਅ ਸੰਬੰਧੀ ਜਾਗਰੂਕ ਕਰਨ ਅਤੇ ਇਸ ਮੁਹਿੰਮ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰੇਗਾ। ਇਸ ਵਿੱਚ ਸ਼ਹਿਰੀ ਚੀਨੀ ਉਦਾਹਰਣਾਂ ਨੂੰ ਦਰਸਾਇਆ ਗਿਆ ਹੈ ਕਿ ਇਹ ਸਮੱਸਿਆ ਉਨ੍ਹਾਂ ਨੂੰ ਜਾਂ ਕੁਝ ਹੋਰਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ ਤਾਂ ਇਹ ਜਾਣਕਾਰੀ ਕਲਾਸਾਂ ਵਿੱਚ ਦੇਣੀ ਹੋਰ ਮਹੱਤਵਪੂਰਨ ਬਣ ਜਾਂਦੀ ਹੈ। ਭਾਗ ਲੈਣ ਵਾਲਿਆਂ ਨੂੰ ਇਹ ਵੀ ਵਿਸ਼ਵਾਸ ਦਵਾਉਣਾ ਹੈ ਕਿ ਉਹ ਕਲਾਸ ਨੂੰ ਕੁੱਤਿਆਂ ਪ੍ਰਤੀ ਨਫਰਤ ਜਾਂ ਡਰ ਦੀ ਭਾਵਨਾ ਨਾਲ ਨਾ ਛੱਡਣ ਬਲਕਿ ਉਨ੍ਹਾਂ ਨੂੰ ਯਾਦ ਕਰਾਉਣਾ ਹੈ ਕਿ ਕੁੱਝ ਕੁੱਤੇ ਖ਼ਤਰਨਾਕ ਹੋ ਸਕਦੇ ਹਨ, ਪਰ ਜੇ ਕੁੱਤਿਆਂ ਨਾਲ ਠੀਕ ਤਰੀਕੇ ਨਾਲ ਪੇਸ਼ ਆਇਆ ਜਾਵੇ ਤਾਂ ਕੁਤੇ ਚੰਗੇ ਪਾਲਤੂ ਵੀ ਬਣਾਏ ਜਾ ਸਕਦੇ ਹਨ।

## ਪਾਠ ਲਈ ਲੋੜੀਦਾਂ ਸਮਾਨ

— ਤੁਹਾਨੂੰ ਇਕ ਕੰਮਪਿਊਟਰ ਤੇ ਸਕਰੀਨ ਦੀਆਂ ਸਹੂਲਤਾਂ ਵਾਲਾ ਕਮਰਾ ਚਾਹੀਦਾ ਹੈ।

— ਤੁਹਾਨੂੰ ਫੋਾਇਰ ਫੋਨਿਟ ਫਰਇਸਇਨਟਓਟੋਨਿ ਦੁਆਰਾ ਜਾਣਕਾਰੀ ਦਿੱਤੀ ਜਾਵੇਗੀ ਜਿਸ ਵਿੱਚ ਵਿਸਥਾਰ ਪੂਰਵਕ ਨੋਟਸ ਹੋਣਗੇ।

— ਤੁਹਾਨੂੰ ਆਪਣੇ ਲਿਖਣ ਲਈ ਪੇਪਰ ਤੇ ਪੈੱਨ ਵੀ ਦਿਤੇ ਜਾਣਗੇ।